Tel: 604.596.7733
Fax: 604.596.7941
www.sd36.bc.ca

**April 19, 2007**

# ਟੈਰੀ ਫੌਕਸ ਫਾਓਂਡੇਸ਼ਨ ਲਈ ਵਿਦਿਆਰਥੀਆਂ ਨੇ ਪੈਸੇ ਇਕੱਤਰ ਕੀਤੇ

**District students top fundraisers for Terry Fox Foundation**

ਪਿਛਲੇ ਬੀਤੇ ਸਤੰਬਰ ਦੇ ਮਹੀਨੇ ਵਿੱਚ, ਅੱਧ ਤੋਂ ਵੱਧ ਸਰ੍ਹੀ ਸਕੂਲ ਡਿਸਟਰਿਕਟ ਦੇ ਵਿਦਿਆਰਥੀਆਂ ਨੇ ਸਲਾਨਾ ਟੈਰੀ ਫੌਕਸ ਦੀ ਦੌੜ ਵਿੱਚ ਹਿੱਸਾ ਲਿਆ। ਇਹਨਾਂ ਵਿਦਿਆਰਥੀਆਂ ਨੇ ਰਲ ਮਿਲ ਕੇ 141,080 ਡਾਲਰ ਅਤੇ 59 ਸੈਂਟ ਇੱਕਠੇ ਕੀਤੇ – ਇਹ ਰਕਮ, ਬੀ. ਸੀ. ਅਤੇ ਯੂਕੌਨ ਦੇ ਇਲਾਕੇ ਵਿੱਚ ਸਕੂਲਾਂ ਵਲੋਂ ਇਕੱਠੇ ਕੀਤੀ ਰਕਮਾਂ ਵਿੱਚੋਂ ਦੂਜੇ ਨੰਬਰ ਓਪਰ ਹੈ।

ਐਚ. ਟੀ. ਥਰਿਫਟ ਸਕੂਲ ਦੇ ਵਿਦਿਆਰਥੀਆਂ ਨੇ ਇੱਕ ਵਿਦਿਆਰਥੀ ਪ੍ਰਤੀ ਸਭ ਤੋਂ ਜ਼ਿਆਦਾ ਰਕਮ ਇੱਕਠੀ ਕੀਤੀ। ਇਥੇ 280 ਵਿਦਿਆਰਥੀਆਂ ਨੇ 7358 ਡਾਲਰ ਅਤੇ 20 ਸੈਂਟ ਇੱਕਤਰ ਕੀਤੇ, ਮਤਲਬ ਕਿ, ਇੱਕ ਵਿਦਿਆਰਥੀ ਦੀ ਔਸਤ 26 ਡਾਲਰ ਅਤੇ 28 ਸੈਂਟ ਸਿੱਧ ਹੋਈ।

ਇਸ ਦੌੜ ਵਿੱਚ ਤਕਰੀਬਨ ਡਿਸਟਰਿਕਟ ਦਾ ਹਰ ਸਕੂਲ ਹਿੱਸਾ ਲੈਂਦਾ ਹੈ। ਸਾਲ 2006 ਵਿੱਚ ਸਰ੍ਹੀ ਸਕੂਲ ਡਿਸਟਰਿਕਟ ਦੇ 111 ਸਕੂਲਾਂ ਨੇ ਟੈਰੀ ਫੌਕਸ ਦੀ ਯਾਦ ਵਿੱਚ ਇਸ ਦੌੜ ਵਿੱਚ ਹਿੱਸਾ ਲਿਆ।

ਟੈਰੀ ਫੌਕਸ ਫਾਓਂਡੇਸ਼ਨ ਇੱਕ ਐਸੀ ਸੰਸਥਾਂ ਹੇ ਜੋ ਹਰ ਇੱਕ ਇਕੱਤਰ ਕੀਤੇ ਹੋਏ ਡਾਲਰ ਵਿੱਚੋਂ 87 ਸੈਂਟ ਸਿੱਧਾ ਕੈਂਸਰ ਦੀ ਖੋਜ ਲਈ ਦਿੰਦੀ ਹੈ, ਮਤਲਬ ਕਿ ਇਹ ਇੱਕ ਕੈਨੇਡਾ ਵਿੱਚ, ਪੈਸੇ ਦੇ ਮੁੱਖ ਵਲੋਂ,  ਬਹੁਤ ਜ਼ਿਮੇਵਾਰ ਦਾਨ ਵਾਲੀ ਸੰਸਥਾ ਹੈ।

ਇਸ ਸਾਲ ਟੈਰੀ ਫੌਕਸ ਦੀ ਦੌੜ 28 ਸਤੰਬਰ 2007 ਵਿੱਚ ਹੋਏਗੀ। ਤੁਸੀਂ ਇਸ ਸਸੰਥਾ ਦੀ ਹੋਰ ਵਧੇਰੇ ਜਾਣਕਾਰੀ  ਇਹਨਾਂ ਦੀ ਇਨੰਟਰਨੈਟ ਦੀ ਸਾਈਟ ਤੋਂ ਵੀ ਲੈ ਸਕਦੇ ਹੋ : **www.terryfoxrun.org**